Australian Government
Department of Home Affairs

ਇਸ ਸਫੇ ਉੱਤੇ


- ਅਹਿਮ ਹੁਨਰ ਅਤੇ ਖੇਤਰ
    - ਅਹਿਮ ਖੇਤਰਾਂ ਵਿੱਚ ਜਾਂ ਅਹਿਮ ਹੁਨਰਾਂ ਵਾਲੇ ਵਿਅਕਤੀਆਂ ਵਾਸਤੇ ਯਾਤਰਾ ਵਿੱਚ ਛੋਟ ਦੀਆਂ ਲੋੜਾਂ
    - ਕੀ ਯਾਤਰਾ ਵਾਲੀ ਛੋਟ ਦੀ ਬੇਨਤੀ ਕਰਨ ਤੋਂ ਪਹਿਲਾਂ ਮੇਰੇ ਕੋਲ ਵੀਜ਼ਾ ਹੋਣਾ ਚਾਹੀਦਾ ਹੈ?
    - ਏਸ਼ੀਆ-ਪ੍ਰਸ਼ਾਂਤ ਆਰਥਿਕ ਸਹਿਯੋਗ (APEC) ਕਾਰੋਬਾਰੀ ਯਾਤਰਾ ਕਾਰਡ (ABTC) ਨਾਲ ਯਾਤਰਾ ਕਰਨਾ
    - ਛੋਟ ਲਈ ਔਨਲਾਈਨ ਅਰਜ਼ੀ ਦਿਓ
    - ਹੋਰ ਸਵਾਲ


# ਅਹਿਮ ਹੁਨਰ ਅਤੇ ਖੇਤਰ

ਆਸਟ੍ਰੇਲੀਆ ਦੇ ਭਾਈਚਾਰੇ ਦੀ ਸਿਹਤ ਦੀ ਸੁਰੱਖਿਆ ਕਰਨ ਲਈ ਆਸਟ੍ਰੇਲੀਆ ਨੇ ਸਖਤ ਸਰਹੱਦੀ ਪਾਬੰਦੀਆਂ ਲਗਾਈਆਂ ਹਨ। ਇਸ ਵੇਲੇ ਆਸਟ੍ਰੇਲੀਆ ਆਉਣ ਅਤੇ ਇੱਥੋਂ ਜਾਣ ਲਈ ਬਹੁਤ ਸੀਮਤ ਉਡਾਣਾਂ ਉਪਲਬਧ ਹਨ। ਜੇ ਤੁਹਾਨੂੰ ਯਾਤਰਾ ਵਿੱਚ ਛੋਟ ਦਿੱਤੀ ਜਾਂਦੀ ਹੈ, ਤਾਂ ਹੋ ਸਕਦਾ ਹੈ ਤੁਸੀਂ ਇਸ ਸਮੇਂ ਯਾਤਰਾ ਨਾ ਕਰ ਸਕੋ। ਸਫਰ ਦੀਆਂ ਪਾਬੰਦੀਆਂ ਬਦਲਣਯੋਗ ਹਨ। ਕਿਰਪਾ ਕਰਕੇ ਬਾਕਾਇਦਾ ਵਾਪਸ ਪਤਾ ਕਰਦੇ ਰਹੋ। ਵੇਖੋ: ਰਾਸ਼ਟਰੀ ਕੈਬਨਿਟ ਮੀਡੀਆ ਬਿਆਨ।

ਆਸਟ੍ਰੇਲੀਆ ਦੇ ਨਾਗਰਿਕਾਂ ਦੇ ਸਮੇਤ, ਆਸਟ੍ਰੇਲੀਆ ਵਿੱਚ ਪਹੁੰਚਣ ਵਾਲੇ ਸਾਰੇ ਯਾਤਰੀਆਂ ਨੂੰ, ਉਹਨਾਂ ਦੀ ਪਹੁੰਚਣ ਵਾਲੀ ਜਗ੍ਹਾ ਜਿਵੇਂ ਕਿ ਹੋਟਲ ਵਿੱਚ ਲਾਜ਼ਮੀ ਤੌਰ ਤੇ 14 ਦਿਨਾਂ ਲਈ ਦੂਸਰਿਆਂ ਤੋਂ ਪਰ੍ਹੇ ਇਕ ਮਿਥੀ ਹੋਈ ਸਹੂਲਤ ਵਿੱਚ ਰਹਿਣਾ ਪਵੇਗਾ। ਯਾਤਰੀਆਂ ਵਾਸਤੇ ਕਰੋਨਾਵਾਇਰਸ (COVID-19) ਸਲਾਹ ਵੇਖੋ। ਤੁਹਾਨੂੰ ਦੂਸਰਿਆਂ ਤੋਂ ਪਰ੍ਹੇ ਰਹਿਣ ਦੀਆਂ ਲਾਗਤਾਂ ਦਾ ਭੁਗਤਾਨ ਕਰਨ ਲਈ ਕਿਹਾ ਜਾ ਸਕਦਾ ਹੈ। ਦੂਸਰਿਆਂ ਤੋਂ ਪਰ੍ਹਾਂ ਰਹਿਣ ਦੀਆਂ ਜ਼ਰੂਰਤਾਂ ਬਾਰੇ ਵਧੇਰੇ ਪਤਾ ਕਰਨ ਲਈ ਸਬੰਧਿਤ ਰਾਜ ਜਾਂ ਕੇਂਦਰੀ ਪ੍ਰਦੇਸ਼ ਸਰਕਾਰ ਦੇ ਸਿਹਤ ਵਿਭਾਗ ਨਾਲ ਸੰਪਰਕ ਕਰੋ।

## ਅਹਿਮ ਖੇਤਰਾਂ ਵਿੱਚ ਜਾਂ ਅਹਿਮ ਹੁਨਰਾਂ ਵਾਲੇ ਵਿਅਕਤੀਆਂ ਵਾਸਤੇ ਯਾਤਰਾ ਵਿੱਚ ਛੋਟ ਦੀਆਂ ਲੋੜਾਂ

ਆਸਟ੍ਰੇਲੀਆ ਦੀ ਬਾਰਡਰ ਫੋਰਸ ਦਾ ਕਮਿਸ਼ਨਰ ਵਿਅਕਤੀਗਤ ਛੋਟ ਦੇ ਸਕਦਾ ਹੈ, ਜੇ ਤੁਸੀਂ ਗੈਰ-ਨਾਗਰਿਕ ਹੋ:

- ਜੋ COVID-19 ਪ੍ਰਤੀਕਿਰਿਆ ਵਿੱਚ ਸਹਾਇਤਾ ਕਰਨ ਦੇ ਮਕਸਦ ਵਾਸਤੇ ਆਸਟ੍ਰੇਲੀਆ ਦੀ ਸਰਕਾਰ ਜਾਂ ਕਿਸੇ ਰਾਜ ਜਾਂ ਕੇਂਦਰੀ ਪ੍ਰਦੇਸ਼ ਦੇ ਸਰਕਾਰੀ ਅਦਾਰੇ ਦੇ ਸੱਦੇ ਉੱਤੇ ਯਾਤਰਾ ਕਰਨ ਵਾਲਾ ਕੋਈ ਵਿਅਕਤੀ ਹੈ
- ਜੋ ਅਹਿਮ ਜਾਂ ਮਾਹਿਰ ਡਾਕਟਰੀ ਸੇਵਾਵਾਂ ਪ੍ਰਦਾਨ ਕਰਦਾ ਹੈ, ਜਿਸ ਵਿੱਚ ਹਵਾਈ ਐਂਬੂਲੈਂਸ, ਡਾਕਟਰੀ ਕਾਰਣਾਂ ਕਰਕੇ ਬਾਹਰ ਕੱਢਣਾ ਅਤੇ ਗੰਭੀਰ ਡਾਕਟਰੀ ਸਮਾਨ ਨੂੰ ਪਹੁੰਚਾਉਣਾ ਸ਼ਾਮਲ ਹਨ
- ਜੋ ਜ਼ਰੂਰੀ ਵਸਤੂਆਂ ਅਤੇ ਸੇਵਾਵਾਂ ਦੀ ਪੂਰਤੀ ਨੂੰ ਬਣਾਈ ਰੱਖਣ ਲਈ ਜ਼ਰੂਰੀ ਹੁਨਰਾਂ ਵਾਲਾ ਕੋਈ ਵਿਅਕਤੀ ਹੈ (ਜਿਵੇਂ ਕਿ ਡਾਕਟਰੀ ਤਕਨਾਲੋਜੀ, ਅਹਿਮ ਬੁਨਿਆਦੀ ਢਾਂਚਾ, ਦੂਰ-ਸੰਚਾਰ, ਇੰਜੀਨੀਅਰਿੰਗ ਅਤੇ ਖਣਿੱਜ ਕੱਢਣ,

ਸਮਾਨ ਦੀ ਪੂਰਤੀ ਵਾਲੀ ਪ੍ਰਣਾਲੀ, ਬਜ਼ੁਰਗਾਂ ਦੀ ਸੰਭਾਲ, ਖੇਤੀਬਾੜੀ, ਬੁਨਿਆਦੀ ਉਦਯੋਗ, ਭੋਜਨ ਉਤਪਾਦਨ, ਅਤੇ ਸਮੁੰਦਰੀ ਉਦਯੋਗ)

- ਜੋ ਆਸਟ੍ਰੇਲੀਆ ਦੀ ਆਰਥਿਕਤਾ ਨੂੰ ਮੁੜ ਉਸਾਰਣ ਲਈ ਮਹੱਤਵਪੂਰਣ ਖੇਤਰਾਂ ਵਿੱਚ ਸੇਵਾਵਾਂ ਪਹੁੰਚਾਉਣ ਵਾਲਾ ਕੋਈ ਵਿਅਕਤੀ ਹੈ (ਜਿਵੇਂ ਕਿ ਵਿੱਤੀ ਤਕਨਾਲੋਜੀ, ਵੱਡੀ ਗਿਣਤੀ ਵਿੱਚ ਨਿਰਮਾਣ, ਫਿਲਮ, ਮੀਡੀਆ ਅਤੇ ਟੈਲੀਵਿਜ਼ਨ ਉਤਪਾਦਨ ਅਤੇ ਉਭਰਦੀ ਹੋਈ ਤਕਨਾਲੋਜੀ), ਜਿੱਥੇ ਆਸਟ੍ਰੇਲੀਆ ਦਾ ਕੋਈ ਵੀ ਕਾਮਾ ਉਪਲਬਧ ਨਹੀਂ ਹੈ
- ਜੋ ਧਾਰਮਿਕ ਜਾਂ ਧਰਮ ਸ਼ਾਸਤਰ ਦੇ ਖੇਤਰਾਂ ਵਿੱਚ ਅਹਿਮ ਹੁਨਰ ਪ੍ਰਦਾਨ ਕਰਦਾ ਹੈ
- ਜਿਸ ਨੂੰ ਉਸਦੇ ਰੁਜ਼ਗਾਰਦਾਤੇ ਦੁਆਰਾ ਤਰਜੀਹੀ ਮਾਈਗ੍ਰੇਸ਼ਨ ਸਕਿੱਲਡ ਔਕੂਪੇਸ਼ਨ ਲਿਸਟ (PMSOL) ਉੱਤੇ ਕਿਸੇ ਕਿੱਤੇ ਵਿੱਚ ਆਸਟ੍ਰੇਲੀਆ ਵਿੱਚ ਕੰਮ ਕਰਨ ਲਈ ਸਰਪ੍ਰਸਤੀ ਦਿੱਤੀ ਗਈ ਹੈ
- ਜਿਸ ਦਾ ਦਾਖਲਾ ਕਿਸੇ ਹੋਰ ਤਰੀਕੇ ਨਾਲ ਆਸਟ੍ਰੇਲੀਆ ਦੇ ਕੌਮੀ ਹਿੱਤ ਵਿੱਚ ਹੋਵੇਗਾ, ਜਿਸ ਦਾ ਸਮਰਥਨ ਆਸਟ੍ਰੇਲੀਆ ਦੀ ਸਰਕਾਰ ਜਾਂ ਕਿਸੇ ਰਾਜ ਜਾਂ ਕੇਂਦਰੀ ਪ੍ਰਦੇਸ਼ ਦੇ ਸਰਕਾਰੀ ਅਦਾਰੇ ਦੁਆਰਾ ਕੀਤਾ ਜਾਂਦਾ ਹੈ

ਕੋਈ ਵਿਅਕਤੀ ਇਸ ਸ਼੍ਰੇਣੀ ਦੇ ਅਧੀਨ ਯਾਤਰਾ ਵਿੱਚ ਛੋਟ ਲਈ ਬੇਨਤੀ ਜਮ੍ਹਾਂ ਕਰ ਸਕਦਾ ਹੈ ਜਾਂ ਕੋਈ ਕਾਰੋਬਾਰ ਉਨ੍ਹਾਂ ਵੱਲੋਂ ਬੇਨਤੀ ਜਮ੍ਹਾਂ ਕਰ ਸਕਦਾ ਹੈ। ਇੱਕੋ ਸਮੂਹ/ਕਾਰੋਬਾਰ ਦੇ ਅੰਦਰ ਇੱਕ ਤੋਂ ਵਧੇਰੇ ਯਾਤਰੀਆਂ ਦੀਆਂ ਅਰਜ਼ੀਆਂ ਨੂੰ ਆਪੋ ਵਿੱਚ ਜੋੜਿਆ ਜਾ ਸਕਦਾ ਹੈ, ਤਾਂ ਜੋ ਬੇਨਤੀਆਂ ਨੂੰ ਇਕੱਠਿਆਂ ਵਿਚਾਰਿਆ ਜਾ ਸਕੇ।

ਕਿਰਪਾ ਕਰਕੇ ਹੇਠਾਂ ਦਿੱਤੇ ਫਾਰਮ ਦੀ ਵਰਤੋਂ ਕਰਕੇ ਛੋਟ ਲਈ ਬੇਨਤੀ ਕਰੋ ਅਤੇ ਦਾਅਵਿਆਂ ਦਾ ਸਮਰਥਨ ਕਰਨ ਲਈ ਉਚਿੱਤ ਸਬੂਤ ਪ੍ਰਦਾਨ ਕਰੋ। ਜੇ ਕਾਫੀ ਸਬੂਤ ਪ੍ਰਦਾਨ ਨਹੀਂ ਕੀਤੇ ਜਾਂਦੇ ਹਨ ਤਾਂ ਬੇਨਤੀਆਂ ਉਪਰ ਬਿਨਾਂ ਕੋਈ ਹੋਰ ਵਿਚਾਰ ਕਰਨ ਦੇ ਅੰਤਮ ਫੈਸਲਾ ਲਿਆ ਜਾ ਸਕਦਾ ਹੈ। ਸਾਰੇ ਦਸਤਾਵੇਜ਼ਾਂ ਦਾ ਅੰਗਰੇਜ਼ੀ ਵਿੱਚ ਸਰਕਾਰੀ ਤੌਰ ਤੇ ਅਨੁਵਾਦ ਕੀਤੇ ਜਾਣ ਦੀ ਲੋੜ ਹੈ।

**ਛੋਟ ਦੀ ਅਰਜ਼ੀ ਆਮ ਤੌਰ ਤੇ ਯੋਜਨਾਬੱਧ ਸਫਰ ਤੋਂ ਘੱਟੋ ਘੱਟ ਦੋ ਹਫਤੇ ਪਹਿਲਾਂ ਪਾਉਣੀ ਚਾਹੀਦੀ ਹੈ, ਪਰ ਤਿੰਨ ਮਹੀਨਿਆਂ ਤੋਂ ਜ਼ਿਆਦਾ ਪਹਿਲਾਂ ਨਹੀਂ। ਸਮੇਂ ਦੀ ਇਸ ਮਿਆਦ ਦੇ ਅੰਦਰ ਜ਼ਰੂਰੀ ਕਾਰੋਬਾਰੀ ਯਾਤਰਾ ਉੱਤੇ ਵਿਚਾਰ ਕੀਤਾ ਜਾਵੇਗਾ।**

ਬੇਨਤੀ ਵਿੱਚ ਲਾਜ਼ਮੀ ਇਹ ਸ਼ਾਮਲ ਹੋਣੇ ਚਾਹੀਦੇ ਹਨ:

- **ਸਫਰ ਕਰਨ ਵਾਲੇ ਦੇ ਵੇਰਵੇ**: ਨਾਮ, ਜਨਮ ਤਰੀਕ, ਵੀਜ਼ੇ ਦੀ ਕਿਸਮ ਅਤੇ ਨੰਬਰ, ਪਾਸਪੋਰਟ ਨੰਬਰ, ਆਸਟ੍ਰੇਲੀਆ ਵਿੱਚ ਸੰਭਾਵਿਤ ਰਿਹਾਇਸ਼ੀ ਪਤਾ ਅਤੇ ਫੋਨ ਨੰਬਰ
- **ਯਾਤਰਾ ਦੇ ਕਾਰਣ**: ਕਮਿਸ਼ਨਰ ਦੀ ਮਰਜ਼ੀ/ਛੋਟ ਵਾਸਤੇ ਤੁਹਾਡੀ ਬੇਨਤੀ ਉੱਤੇ ਵਿਚਾਰ ਕਿਉਂ ਕੀਤਾ ਜਾਣਾ ਚਾਹੀਦਾ ਹੈ
- **ਸਹਿਯੋਗੀ ਬਿਆਨ**: ਇਹ ਸਮਝਾਉਣਾ ਕਿ ਛੋਟਾਂ ਵਿੱਚੋਂ ਤੁਸੀਂ ਮਹੱਤਵਪੂਰਣ ਹੁਨਰਾਂ/ਮਹੱਤਵਪੂਰਣ ਖੇਤਰ ਵਾਲੀ ਕਿਸੇ ਛੋਟ ਨੂੰ ਕਿਵੇਂ ਪੂਰਾ ਕਰਦੇ ਹੋ
- **ਨਾਲ ਲਗਾਏ ਸਬੂਤ**: ਬੇਨਤੀ ਦੇ ਨਾਲ ਸਮਰਥਨ ਕਰਨ ਵਾਲੇ ਸਬੂਤਾਂ ਨੂੰ ਨਾਲ ਹੋਣਾ ਚਾਹੀਦਾ ਹੈ, ਜਿਵੇਂ ਕਿ ਮਹੱਤਵਪੂਰਣ ਵਸਤੂਆਂ ਅਤੇ ਸੇਵਾਵਾਂ ਦੀ ਸੁਵਿਧਾ ਵਿੱਚ ਸ਼ਾਮਲ ਕਿਸੇ ਕਾਰੋਬਾਰ ਤੋਂ ਇੱਕ ਚਿੱਠੀ, ਆਸਟ੍ਰੇਲੀਆ ਦੀ ਸਰਕਾਰ ਜਾਂ ਰਾਜ ਅਤੇ ਕੇਂਦਰੀ ਪ੍ਰਦੇਸ਼ ਦਾ ਸਰਕਾਰੀ ਅਦਾਰਾ ਇਹ ਸਲਾਹ ਦਿੰਦਾ ਹੈ ਕਿ ਇਸ ਸਮੇਂ ਤੁਹਾਡੀ ਯਾਤਰਾ ਕਿਉਂ ਅਹਿਮ ਹੈ

ਵਿਅਕਤੀਆਂ ਕੋਲ ਯਾਤਰਾ ਕਰਨ ਤੋਂ ਪਹਿਲਾਂ ਜਾਇਜ਼ ਵੀਜ਼ਾ ਅਤੇ ਕਮਿਸ਼ਨਰ ਕੋਲੋਂ ਛੋਟ ਲਈ ਹੋਣੀ ਲਾਜ਼ਮੀ ਹੈ।

## ਕੀ ਯਾਤਰਾ ਛੋਟ ਦੀ ਬੇਨਤੀ ਕਰਨ ਤੋਂ ਪਹਿਲਾਂ ਮੇਰੇ ਕੋਲ ਵੀਜ਼ਾ ਹੋਣਾ ਚਾਹੀਦਾ ਹੈ?

ਇਸ ਸ਼੍ਰੇਣੀ ਦੇ ਅਧੀਨ ਬੇਨਤੀ ਕਰਨ ਵਾਲੇ ਵਿਅਕਤੀ ਕੋਲ ਆਸਟ੍ਰੇਲੀਆ ਦੀਆਂ ਯਾਤਰਾ ਦੀਆਂ ਪਾਬੰਦੀਆਂ ਤੋਂ ਛੋਟ ਲੈਣ ਲਈ ਅਰਜ਼ੀ ਦੇਣ ਦੇ ਸਮੇਂ ਵੀਜ਼ਾ ਹੋਣ ਦੀ ਲੋੜ ਨਹੀਂ ਹੈ। ਜੇ ਯਾਤਰਾ ਵਾਲੀ ਛੋਟ ਨੂੰ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਤੁਹਾਨੂੰ ਯਾਤਰਾ ਕਰਨ ਲਈ ਜਾਇਜ਼ ਵੀਜ਼ਾ ਚਾਹੀਦਾ ਹੈ। ਵੀਜ਼ਾ ਦਿੱਤੇ ਜਾਣ ਲਈ ਸਾਰੀਆਂ ਲੋੜਾਂ ਦੀ ਪੂਰਤੀ ਲਾਜ਼ਮੀ ਤੌਰ ਉੱਤੇ ਕੀਤੀ ਜਾਣੀ ਚਾਹੀਦੀ ਹੈ। ਵੀਜ਼ਾ ਕਿਸਮਾਂ ਅਤੇ ਲੋੜਾਂ ਬਾਰੇ ਜਾਣਕਾਰੀ ਵਿਭਾਗ ਦੀ ਵੈੱਬਸਾਈਟ ਉੱਤੇ ਵੇਖੀ ਜਾ ਸਕਦੀ ਹੈ।

## ਏਸ਼ੀਆ-ਪ੍ਰਸ਼ਾਂਤ ਆਰਥਿਕ ਸਹਿਯੋਗ (APEC) ਕਾਰੋਬਾਰੀ ਯਾਤਰਾ ਕਾਰਡ (ABTC) ਨਾਲ ਯਾਤਰਾ ਕਰਨਾ

ABTC ਧਾਰਕਾਂ ਅਤੇ ਬਿਨੈਕਾਰਾਂ ਨੂੰ ਆਸਟ੍ਰੇਲੀਆ ਦੀਆਂ ਯਾਤਰਾ ਪਾਬੰਦੀਆਂ ਤੋਂ ਆਪਣੇ ਆਪ ਛੋਟ ਨਹੀਂ ਮਿਲਦੀ ਹੈ। ਜੇ ਤੁਹਾਨੂੰ ਕਿਸੇ ਮਹੱਤਵਪੂਰਣ ਖੇਤਰ ਨਾਲ ਸਬੰਧਿਤ ਕਾਰੋਬਾਰ ਵਾਸਤੇ ਆਸਟ੍ਰੇਲੀਆ ਵਿੱਚ ਦਾਖਲ ਹੋਣ ਦੀ ਲੋੜ ਹੈ, ਤਾਂ ਤੁਸੀਂ ਛੋਟ ਲਈ ਬੇਨਤੀ ਕਰ ਸਕਦੇ ਹੋ ਅਤੇ ਆਪਣੇ ਦਾਅਵਿਆਂ ਦਾ ਸਮਰਥਨ ਕਰਨ ਲਈ ਸਬੂਤ ਪ੍ਰਦਾਨ ਕਰ ਸਕਦੇ ਹੋ।

ABTC ਤੁਹਾਨੂੰ ਆਸਟ੍ਰੇਲੀਆ ਵਿੱਚ ਕੰਮ ਕਰਨ ਦੀ ਆਗਿਆ ਨਹੀਂ ਦਿੰਦਾ ਹੈ। ਜੇ ਤੁਸੀਂ ਆਸਟ੍ਰੇਲੀਆ ਵਿੱਚ ਕੰਮ ਕਰਨ ਦਾ ਇਰਾਦਾ ਰੱਖਦੇ ਹੋ, ਤੁਹਾਡੇ ਕੋਲ ਕੰਮ ਦੇ ਅਧਿਕਾਰਾਂ ਵਾਲਾ ਜਾਇਜ਼ ਵੀਜ਼ਾ ਹੋਣਾ ਲਾਜ਼ਮੀ ਹੈ।

ਆਪਣੇ ABTC ਦੀ ਵਰਤੋਂ ਕਰਕੇ ਆਸਟ੍ਰੇਲੀਆ ਦੀ ਯਾਤਰਾ ਬਾਰੇ ਵਧੇਰੇ ਜਾਣਕਾਰੀ ਵਾਸਤੇ ਵਿਦੇਸ਼ੀ ਬਿਨੈਕਾਰਾਂ ਵਾਸਤੇ ਏਸ਼ੀਆ-ਪ੍ਰਸ਼ਾਂਤ ਆਰਥਿਕ ਸਹਿਯੋਗ (APEC) ਕਾਰੋਬਾਰੀ ਯਾਤਰਾ ਕਾਰਡ (ABTC) ਵੇਖੋ।

## ਛੋਟ ਲਈ ਔਨਲਾਈਨ ਅਰਜ਼ੀ ਦਿਓ

ਕਿਰਪਾ ਕਰਕੇ ਇੱਕ ਵਿਅਕਤੀ ਲਈ ਕੇਵਲ ਇੱਕ ਹੀ ਬੇਨਤੀ ਕਰੋ। ਦੂਹਰੀਆਂ ਬੇਨਤੀਆਂ ਮੁਲਾਂਕਣ ਵਿੱਚ ਦੇਰੀ ਕਰਨਗੀਆਂ। ਜੇ ਤੁਹਾਨੂੰ ਛੋਟ ਪ੍ਰਦਾਨ ਨਹੀਂ ਕੀਤੀ ਜਾਂਦੀ ਹੈ, ਤਾਂ ਤੁਹਾਨੂੰ ਸਫਰ ਦੀਆਂ ਯੋਜਨਾਵਾਂ ਨੂੰ ਜਾਰੀ ਨਹੀਂ ਰੱਖਣਾ ਚਾਹੀਦਾ ਹੈ, ਕਿਉਂਕਿ ਤੁਹਾਨੂੰ ਆਸਟ੍ਰੇਲੀਆ ਵਾਲੀ ਉਡਾਣ ਵਿੱਚ ਚੜ੍ਹਨ ਨਹੀਂ ਦਿੱਤਾ ਜਾਵੇਗਾ। ਜੇਕਰ ਤੁਹਾਨੂੰ ਸਫਰ ਕਰਨ ਦੀ ਛੋਟ ਮਿਲ ਜਾਂਦੀ ਹੈ, ਤੁਹਾਨੂੰ ਉਸ ਛੋਟ ਦੇ ਫੈਸਲੇ ਦਾ ਸਬੂਤ ਆਪਣੇ ਨਾਲ ਜ਼ਰੂਰ ਹਵਾਈ ਅੱਡੇ ਉੱਤੇ ਲਿਆਉਣ ਦੀ ਲੋੜ ਪਵੇਗੀ।

ਔਨਲਾਈਨ ਅਰਜ਼ੀ ਦਿਓ

## ਹੋਰ ਸਵਾਲ

ਜੇ ਤੁਹਾਡੇ ਅਹਿਮ ਹੁਨਰਾਂ ਅਤੇ ਖੇਤਰਾਂ ਬਾਰੇ, ਅਤੇ ਯਾਤਰਾ ਤੋਂ ਛੋਟ ਦੀ ਪ੍ਰਕਿਰਿਆ ਜਾਂ ਕਿਸੇ ਅਹਿਮ ਹੁਨਰਾਂ ਦੀ ਯਾਤਰਾ ਛੋਟ ਵਾਲੀ ਮੌਜੂਦਾ ਅਰਜ਼ੀ ਬਾਰੇ ਹੋਰ ਸਵਾਲ ਹਨ, ਕਿਰਪਾ ਕਰਕੇ ਇੱਕ ਔਨਲਾਈਨ ਪੁੱਛਗਿੱਛ ਫਾਰਮ ਭਰੋ।